## ਜਦੋਂ ਤੁਸੀ ਕਿਸੇ ਸੇਵਾ ਤੇ ਜਾਂਦੇ ਹੋ ਤਾਂ ਤੁਹਾਨੂੰ ਕਿਨ੍ਹਾਂ ਗੱਲਾਂ ਉੱਤੇ ਧਿਆਨ ਦੇਣਾ ਚਾਹੀਦਾ ਹੈ

- ਕੀ ਤੁਹਾਡੀ ਆਉਭਗਤ ਕੀਤੀ ਗਈ ਸੀ? ਉੱਚ ਗੁਣਵੱਤਾ ਦੇ ਕਿੰਡਰਗਾਰਟਨ ਪ੍ਰੋਗ੍ਰਾਮ ਪਰਿਵਾਰਾਂ ਅਤੇ ਸਿਖਿਅਕਾਂ ਵਿੱਚ ਸਾਂਝੇਦਾਰੀ ਤੇ ਆਧਾਰਿਤ ਹੁੰਦੇ ਹਨ। ਕੀ ਸਿਖਿਅਕਾਂ ਨੇ ਤੁਹਾਡੀ ਔਲਾਦ ਅਤੇ ਤੁਹਾਡੇ ਪਰਿਵਾਰ ਬਾਰੇ ਸਵਾਲ ਪੁੱਛੇ? ਕੀ ਤੁਹਾਡੇ ਸਵਾਲਾਂ ਅਤੇ ਤੁਹਾਡੀ ਚਿੰਤਾਵਾਂ ਵਿੱਚ ਸਿਖਿਅਕਾਂ ਦੀ ਰੂਚੀ ਸੀ?
- ਜੇਕਰ ਤੁਹਾਡੀ ਔਲਾਦ ਤੁਹਾਡੇ ਨਾਲ ਸੀ, ਤਾਂ ਕੀ ਸਿਖਿਅਕਾਂ ਨੇ ਤੁਹਾਡੀ ਔਲਾਦ ਨਾਲ ਸਿੱਧੇ ਗੱਲਬਾਤ ਕੀਤੀ (ਤੁਹਾਡੇ ਰਾਹੀਂ ਤੁਹਾਡੀ ਔਲਾਦ ਨਾਲ ਗੱਲਬਾਤ ਕਰਣ ਦੀ ਬਜਾਏ)?
- ਕੀ ਸਿੱਖਣ ਦੇ ਵੱਖ-ਵੱਖ ਮਨੋਰੰਜਕ ਅਤੇ ਚੁਨੌਤੀਪੂਰਣ ਮੌਕੇ ਉਪਲੱਬਧ ਹਨ ਜੋ ਸੇਵਾ ਦਾ ਪ੍ਰਯੋਗ ਕਰਣ ਵਾਲੇ ਬੱਚੀਆਂ ਦੇ ਸੱਭਿਆਚਾਰ ਦਾ ਜਸ਼ਨ ਮਨਾਉਂਦੇ ਹਨ?
- ਕੀ ਅੰਦਰੂਨੀ ਅਤੇ ਬਾਹਰੀ ਖੇਤਰ ਬੱਚੀਆਂ ਨੂੰ ਸਿੱਖਣ ਦੇ ਪ੍ਰੇਰਕ ਅਨੁਭਵ ਪ੍ਰਦਾਨ ਕਰਦੇ ਹਨ – ਉਦਾਹਰਣ ਵਜੋਂ:, ਨਵੀਂ ਚੀਜ਼ਾਂ ਨੂੰ ਲੱਭਣ ਅਤੇ ਉਨ੍ਹਾਂ ਦਾ ਪਤਾ ਲਗਾਉਣ ਦੇ ਮੌਕੇ? ਕੀ ਬੱਚੀਆਂ ਕੋਲ ਦੂੱਜੇ ਬੱਚੀਆਂ ਨਾਲ ਜਾਂ ਇਕੱਲੇ ਖੇਡਣ ਲਈ ਥਾਂ ਹੈ? ਕੀ ਅਜਿਹੇ ਸਥਾਨ ਉਪਲੱਬਧ ਹਨ ਜਿੱਥੇ ਬੱਚੇ ਚੁਪਚਾਪ ਜਾਕੇ ਬੈਠ ਸੱਕਦੇ ਹਨ?
- ਜੇਕਰ ਤੁਹਾਡੀ ਔਲਾਦ ਦੀ ਸਿਹਤ ਠੀਕ ਨਹੀਂ ਹੈ ਜਾਂ ਉਹ ਪਰੇਸ਼ਾਨ ਹੈ ਤਾਂ ਕੀ ਹੋਵੇਗਾ?
- ਕੀ ਸੇਵਾ ਕਿੰਡਰਗਾਰਟਨ ਸਰਟੀਫਿਕੇਟ ਦੀ ਨੁਮਾਇਸ਼ ਕਰਦੀ ਹੈ? ਇਹ ਸਰਟੀਫਿਕੇਟ ਦਰਸਾਉਂਦਾ ਹੈ ਕਿ ਕਿੰਡਰਗਾਰਟਨ ਪ੍ਰੋਗ੍ਰਾਮ ਨੂੰ ਵਿਕਟੋਰੀਅਨ ਸਰਕਾਰ ਤੋਂ ਫੰਡ ਮਿਲਦਾ ਹੈ ਅਤੇ ਇੱਥੇ ਕਿਸੇ ਕਾਬਲ ਪ੍ਰਾਰੰਭਿਕ ਬਚੱਪਣ ਦੇ ਟੀਚਰ ਦੁਆਰਾ ਪੜਾਇਆ ਜਾਂਦਾ ਹੈ।
- ਰਾਸ਼ਟਰੀ ਗੁਣਵੱਤਾ ਕਸੌਟੀ ਤੇ ਸੇਵਾ ਨੂੰ ਕੀ ਦਰਜਾ ਪ੍ਰਾਪਤ ਹੈ (ਪੂਰੇ ਔਸਟ੍ਰੇਲੀਆ ਵਿੱਚ ਸਿੱਖਿਆ ਅਤੇ ਦੇਖਭਾਲ ਸੇਵਾਵਾਂ ਦੀ ਗੁਣਵੱਤਾ ਪ੍ਰਣਾਲੀ ਦਾ ਭਾਗ)?
  ਕੀ ਤੁਸੀ ਲਿਖਤੀ ਮੁਲਾਂਕਣ ਵੇਖ ਸੱਕਦੇ ਹੋ?
- ਕੀ ਥਾਂ ਲੈਣ ਲਈ ਕੋਈ ਉਡੀਕ ਸੂਚੀ ਹੈ?
  ਕੀ ਭਰਤੀ ਕਰਾਉਣ ਜਾਂ ਉਡੀਕ ਸੂਚੀ ਵਿੱਚ ਆਪਣਾ ਨਾਮ ਲਿਖਾਉਣ ਲਈ ਤੁਹਾਨੂੰ ਡਿਪੋਜੀਟ (ਪੇਸ਼ਗੀ) ਦੇਣ ਦੀ ਲੋੜ ਹੈ? ਜੇਕਰ ਤੁਸੀ ਡਿਪੋਜੀਟ ਦੇਣ ਵਿੱਚ ਅਸਮੱਰਥ ਹੋ ਤਾਂ ਸੇਵਾ ਨੂੰ ਸੂਚਿਤ ਕਰੋ।

## ਆਪਣੇ ਸਵਾਲ ਤਿਆਰ ਰੱਖੋ

- ਤੁਹਾਡੀ ਔਲਾਦ ਦੀ ਸਿੱਖਿਆ-ਪ੍ਰਾਪਤੀ ਵਿੱਚ ਮਦਦ ਕਰਣ ਲਈ ਸਿਖਿਅਕ ਤੁਹਾਡੇ ਨਾਲ ਕਿਵੇਂ ਕੰਮ ਕਰਣਗੇ?
- ਸਿਖਿਅਕ ਤੁਹਾਡੀ ਔਲਾਦ ਦੀਆਂ ਰੂਚੀਆਂ ਨੂੰ ਕਿਵੇਂ ਸ਼ਾਮਿਲ ਕਰਣਗੇ?
- ਤੁਹਾਡੀ ਔਲਾਦ ਦੀ ਤਰੱਕੀ ਦੀ ਚਰਚਾ ਕਰਣ ਲਈ ਕੀ ਮੌਕੇ ਮੌਜੂਦ ਹੋਣਗੇ?
- ਜੇਕਰ ਤੁਹਾਡੀ ਔਲਾਦ ਦੀਆਂ ਅਤਿਰਿਕਤ ਜ਼ਰੂਰਤਾਂ ਹਨ, ਤਾਂ ਸੇਵਾ ਤੁਹਾਡੀ ਅਤੇ ਤੁਹਾਡੀ ਔਲਾਦ ਦੀ ਮਦਦ ਕਿਵੇਂ ਕਰੇਗੀ?
- ਪ੍ਰੋਗ੍ਰਾਮ ਸਕਾਰਾਤਮਕ ਵਿਹਾਰ ਨੂੰ ਕਿਵੇਂ ਵਧਾਵਾ ਦਿੰਦਾ ਹੈ?

## ਕਿੰਡਰਗਾਰਟਨ ਸ਼ੁਰੂ ਕਰਣ ਵੇਲੇ ਮੇਰੀ ਔਲਾਦ ਦੀ ਉਮਰ ਕੀ ਹੋਣੀ ਚਾਹੀਦੀ ਹੈ?

ਆਮ-ਤੌਰ ਤੇ ਬੱਚੇ ਪ੍ਰਾਈਮਰੀ ਸਕੂਲ ਸ਼ੁਰੂ ਕਰਣ ਤੋਂ ਪਿਛਲੇ ਸਾਲ ਕਿੰਡਰਗਾਰਟਨ ਪ੍ਰੋਗ੍ਰਾਮ ਵਿੱਚ ਭਾਗ ਲੈਂਦੇ ਹਨ। ਇਸਨੂੰ ਅਕਸਰ 'ਚਾਰ ਸਾਲ ਦੇ ਬੱਚੀਆਂ ਲਈ ਕਿੰਡਰਗਾਰਟਨ' ਕਿਹਾ ਜਾਂਦਾ ਹੈ।

ਜੇਕਰ ਤੁਹਾਡੀ ਔਲਾਦ ਦੀ ਉਮਰ ਸਕੂਲ ਜਾਣਾ ਸ਼ੁਰੂ ਕਰਣ ਦੇ ਸਾਲ ਵਿੱਚ 30 ਅਪ੍ਰੈਲ ਤੱਕ ਪੰਜ ਸਾਲ ਦੀ ਹੋ ਜਾਂਦੀ ਹੈ ਤਾਂ ਉਹ ਸਕੂਲ ਜਾਣਾ ਸ਼ੁਰੂ ਕਰ ਸਕਦੀ ਹੈ। ਇਹ ਜਰੂਰੀ ਹੈ ਕਿ ਤੁਹਾਡੀ ਔਲਾਦ ਦੇ ਛੇ ਸਾਲ ਦੇ ਹੋਣ ਤੱਕ ਕਿਸੇ ਸਕੂਲ ਵਿੱਚ ਉਸਦੀ ਭਰਤੀ ਹੋ ਚੁੱਕੀ ਹੋਵੇ, ਬਸ਼ਰਤੇ ਕਿ ਉਸਨੂੰ ਇਸਤੋਂ ਛੁੱਟ ਨਾ ਦਿੱਤੀ ਗਈ ਹੋਵੇ। ਇਸਲਈ, ਜੇਕਰ ਕੈਲੇਂਡਰ ਸਾਲ ਵਿੱਚ ਤੁਹਾਡੀ ਔਲਾਦ ਦਾ ਜਨਮਦਿਨ 30 ਅਪ੍ਰੈਲ ਤੋਂ ਪਹਿਲਾਂ ਆਉਂਦਾ ਹੈ, ਤਾਂ ਤੁਹਾਡੇ ਕੋਲ ਇਹ ਵਿਕਲਪ ਹੈ ਕਿ ਤੁਸੀ ਆਪਣੀ ਔਲਾਦ ਨੂੰ ਉਨ੍ਹਾਂ ਦੇ ਪੰਜ ਸਾਲ ਦੀ ਉਮਰ ਦੇ ਹੋਣ ਦੇ ਸਾਲ ਵਿੱਚ ਜਾਂ ਅਗਲੇ ਸਾਲ ਵਿੱਚ ਸਕੂਲ ਵਿੱਚ ਭਰਤੀ ਕਰਾ ਸਕਦੇ ਹੋ। ਬੱਚੇ ਵੱਖ-ਵੱਖ ਰਫ਼ਤਾਰ, ਵੱਖ-ਵੱਖ ਤਰੀਕਿਆਂ, ਅਤੇ ਵੱਖ-ਵੱਖ ਸਮਿਆਂ ਤੇ ਸਿੱਖਦੇ ਹਨ। ਕੁੱਝ ਪਰਿਸਥਿਤੀਆਂ ਵਿੱਚ, ਅਜਿਹਾ ਹੋ ਸਕਦਾ ਹੈ ਕਿ ਤੁਹਾਡੀ ਔਲਾਦ ਨੂੰ ਕਿੰਡਰਗਾਰਟਨ ਪ੍ਰੋਗ੍ਰਾਮ ਸ਼ੁਰੂ ਕਰਣ ਤੋਂ ਲਾਭ ਮਿਲੇ।



## ਕਿੰਡਰਗਾਰਟਨ ਸ਼ੁਰੂ ਕਰਣ ਦੇ ਸਭ ਤੋਂ ਚੰਗੇ ਸਮੇਂ ਨਾਲ ਸੰਬੰਧਤ ਸਲਾਹ ਮੈਂ ਕਿੱਥੋਂ ਲੈ ਸਕਦਾ/ਸਕਦੀ ਹਾਂ?

ਜੇਕਰ ਤੁਸੀ ਆਪਣੀ ਔਲਾਦ ਦੁਆਰਾ ਕਿੰਡਰਗਾਰਟਨ ਪ੍ਰੋਗ੍ਰਾਮ ਸ਼ੁਰੂ ਕਰਣ ਦੇ ਸਭ ਤੋਂ ਚੰਗੇ ਸਮੇਂ ਨੂੰ ਲੈ ਕੇ ਅਨਿਸ਼ਚਿਤ ਹੋ, ਤਾਂ ਕਿੰਡਰਗਾਰਟਨ ਸਿਖਿਅਕ ਤੋਂ ਸਲਾਹ ਲਵੋ। ਇਹ ਪਤਾ ਲਗਾਓ ਕਿ ਕਿੰਡਰਗਾਰਟਨ ਪ੍ਰੋਗ੍ਰਾਮ ਤੁਹਾਡੀ ਔਲਾਦ ਦੀ ਮਦਦ ਕਿਵੇਂ ਕਰ ਸਕਦਾ ਹੈ।

ਉਸ ਸਕੂਲ ਦੇ ਪ੍ਰਿੰਸੀਪਲ ਜਾਂ ਟੀਚਰ ਨਾਲ ਮੁਲਾਕਾਤ ਕਰੋ ਜਿੱਥੇ ਤੁਹਾਡੀ ਔਲਾਦ ਦੇ ਜਾਣ ਦੀ ਸੰਭਾਵਨਾ ਹੈ। ਤੁਹਾਡੀ ਔਲਾਦ ਦੇ ਪ੍ਰੇਪ ਸ਼ੁਰੂ ਕਰਣ ਦੇ ਸਭ ਤੋਂ ਚੰਗੇ ਸਮੇਂ ਬਾਰੇ ਗੱਲਬਾਤ ਕਰੋ। ਇਹ ਪਤਾ ਲਗਾਓ ਕਿ ਪ੍ਰੇਪ ਪ੍ਰੋਗ੍ਰਾਮ ਤੁਹਾਡੀ ਔਲਾਦ ਦੀ ਮਦਦ ਕਿਵੇਂ ਕਰ ਸਕਦਾ ਹੈ।

ਨਾਲ ਹੀ, ਤੁਸੀ ਆਪਣੀ ਔਲਾਦ ਦੀ ਮੈਟਰਨਲ ਐਂਡ ਚਾਇਲਡ ਹੇਲਥ ਨਰਸ (ਮਾਤਰੀ ਅਤੇ ਬਾਲ ਸਿਹਤ ਨਰਸ), ਫੈਮਿਲੀ ਡਾਕਟਰ ਅਤੇ ਕਿਸੇ ਅਜਿਹੇ ਹੋਰ ਪੇਸ਼ੇਵਰ ਨਾਲ ਵੀ ਗੱਲਬਾਤ ਕਰ ਸੱਕਦੇ ਹੋ ਜਿਸਤੋਂ ਤੁਹਾਡੀ ਔਲਾਦ ਇਲਾਜ ਕਰਾਉਂਦੀ ਹੈ (ਉਦਾਹਰਣ ਵਜੋਂ: ਸਪੀਚ ਥੇਰੇਪਿਸਟ, ਫਿਜਯੋਥੇਰੇਪਿਸਟ ਜਾਂ ਬਾਲ-ਚਿਕਿਤਸਕ)।

## ਕੀ ਮੇਰੀ ਔਲਾਦ ਇੱਕ ਤੋਂ ਵੱਧ ਸਾਲ ਲਈ ਕਿੰਡਰਗਾਰਟਨ ਜਾ ਸਕਦੀ ਹੈ?

ਉਹ ਬੱਚੇ:

- ਜੋ ਏਬੋਰਿਜਨਲ ਅਤੇ/ਜਾਂ ਟੋਰਸ ਸਟਰੇਟ ਦੀਪਵਾਸੀ ਹੋਣ, ਜਾਂ
- ਜਿਨ੍ਹਾਂ ਬਾਰੇ ਚਾਇਲਡ ਪ੍ਰੋਟੇਕਸ਼ਨ ਨੂੰ ਪਤਾ ਹੋਵੇ, ਜਾਂ ਜਿਨ੍ਹਾਂ ਨੂੰ ਚਾਇਲਡ ਪ੍ਰੋਟੇਕਸ਼ਨ ਦੁਆਰਾ Child FIRST ਨੂੰ ਰੇਫਰ ਕੀਤਾ ਗਿਆ ਹੋਵੇ

ਉਹ ਪ੍ਰਾਈਮਰੀ ਸਕੂਲ ਜਾਣਾ ਸ਼ੁਰੂ ਕਰਣ ਤੋਂ ਦੋ ਸਾਲ ਪਹਿਲਾਂ ਤੱਕ ਕਿੰਡਰਗਾਰਟਨ ਫ੍ਰੀ ਜਾਂ ਘੱਟ ਫੀਸ ਤੇ ਜਾ ਸੱਕਦੇ ਹਨ, ਆਮ-ਤੌਰ ਤੇ ਉਹ ਤੱਦ ਇਸਨੂੰ ਸ਼ੁਰੂ ਕਰਦੇ ਹਨ ਜਦੋਂ ਉਹ ਤਿੰਨ ਸਾਲ ਦੀ ਉਮਰ ਦੇ ਹੁੰਦੇ ਹਨ।

ਤਿੰਨ ਸਾਲ ਦੀ ਉਮਰ ਦੇ ਬੱਚੀਆਂ ਲਈ ਫ੍ਰੀ ਕਿੰਡਰਗਾਰਟਨ ਦੇ ਬਾਰੇ ਵਿੱਚ ਅਤੇ ਵਧੇਰੀ ਜਾਣਕਾਰੀ ਲਈ ਸਫਾ 4 ਵੇਖੋ।

ਵਿਕਾਸਾਤਮਕ ਦੇਰੀ ਨਾਲ ਗ੍ਰਸਤ ਚਾਰ ਸਾਲ ਦੀ ਉਮਰ ਦੇ ਬੱਚੀਆਂ ਦਾ ਕਿੰਡਰਗਾਰਟਨ ਪੂਰਾ ਕਰਣ ਵਾਲੇ ਕੁੱਝ ਬੱਚੀਆਂ ਨੂੰ ਸਕੂਲ ਜਾਣਾ ਸ਼ੁਰੂ ਕਰਣ ਤੋਂ ਪਹਿਲਾਂ ਫੰਡ ਪ੍ਰਾਪਤ ਕਿੰਡਰਗਾਰਟਨ ਵਿੱਚ ਦੂਜਾ ਸਾਲ ਲਗਾਉਣ ਨਾਲ ਫਾਇਦਾ ਹੋ ਸਕਦਾ ਹੈ।

ਜੇਕਰ ਤੁਹਾਨੂੰ ਇਨ੍ਹਾਂ ਵਿਕਲਪਾਂ ਬਾਰੇ ਵਧੇਰੀ ਜਾਣਕਾਰੀ ਚਾਹੀਦੀ ਹੈ ਤਾਂ ਕਿਸੇ ਕਿੰਡਰਗਾਰਟਨ ਸਿਖਿਅਕ ਨਾਲ ਗੱਲਬਾਤ ਕਰੋ।

## ਕੀ ਤੁਹਾਨੂੰ ਕਿਸੇ ਦੁਭਾਸ਼ੀਏ ਦੀ ਲੋੜ ਹੈ?

ਵਿਕਟੋਰੀਅਨ ਸਰਕਾਰ ਫੰਡ ਪ੍ਰਾਪਤ ਕਿੰਡਰਗਾਰਟਨ ਪ੍ਰੋਗ੍ਰਾਮਾਂ ਵਿੱਚ ਭਾਗ ਲੈਣ ਵਾਲੇ ਪਰਿਵਾਰਾਂ ਲਈ ਫ੍ਰੀ ਦੁਭਾਸ਼ਿਆ ਸੇਵਾ ਪ੍ਰਦਾਨ ਕਰਦੀ ਹੈ। ਆਪਣੀ ਔਲਾਦ ਦੇ ਕਿੰਡਰਗਾਰਟਨ ਸਿਖਿਅਕ ਜਾਂ ਸੇਵਾ ਪ੍ਰਬੰਧਕ ਨੂੰ ਫ੍ਰੀ ਦੁਭਾਸ਼ਿਆ ਸੇਵਾ ਨੂੰ ਫੋਨ ਕਰਣ ਲਈ ਕਹੋ।

## ਸੰਬੰਧਤ ਲਿੰਕਸ

ਫ੍ਰੀ ਜਾਂ ਘੱਟ ਫੀਸ ਦਾ ਕਿੰਡਰਗਾਰਟਨ –
**www.education.vic.gov.au/childhood/parents/kindergarten/Pages/fees.aspx**

ਤਿੰਨ ਸਾਲ ਦੇ ਬੱਚੀਆਂ ਲਈ ਫ੍ਰੀ ਕਿੰਡਰਗਾਰਟਨ –
**http://www.education.vic.gov.au/childhood/parents/kindergarten/Pages/earlystart.aspx**

ਵਿਕਾਸਾਤਮਕ ਦੇਰੀ ਨਾਲ ਗ੍ਰਸਤ ਬੱਚੀਆਂ ਲਈ ਕਿੰਡਰਗਾਰਟਨ ਦਾ ਦੂਜਾ ਸਾਲ –
**http://www.education.vic.gov.au/childhood/parents/kindergarten/Pages/secondyear.aspx**

ਤਿਆਰਕਰਤਾ:
Department of Education and Training
2, Treasury Place, East Melbourne
Melbourne 3002
© ਵਿਕਟੋਰੀਆ ਰਾਜ ਅਗਸਤ 2015



# ਕਿੰਡਰਗਾਰਟਨ ਬਾਰੇ ਪੂਰੀ ਜਾਣਕਾਰੀ

Punjabi Translation



ਬੱਚੇ ਸਕੂਲ ਜਾਣਾ ਸ਼ੁਰੂ ਕਰਣ ਦੇ ਪਿਛਲੇ ਸਾਲ ਕਿੰਡਰਗਾਰਟਨ ਪ੍ਰੋਗ੍ਰਾਮ ਵਿੱਚ ਜਾਂਦੇ ਹਨ, ਆਮ-ਤੌਰ ਤੇ ਤੱਦ ਜਦੋਂ ਉਹ ਚਾਰ ਸਾਲ ਦੇ ਹੋ ਜਾਂਦੇ ਹਨ। ਕੁੱਝ ਸੇਵਾਵਾਂ ਤਿੰਨ ਸਾਲ ਦੀ ਉਮਰ ਦੇ ਬੱਚੀਆਂ ਲਈ ਵੀ ਕਿੰਡਰਗਾਰਟਨ ਪ੍ਰੋਗ੍ਰਾਮ ਪ੍ਰਦਾਨ ਕਰਦੀਆਂ ਹਨ।

ਤੁਹਾਡੀ ਔਲਾਦ ਦੇ ਕਿੰਡਰਗਾਰਟਨ ਜਾਣਾ ਸ਼ੁਰੂ ਕਰਣ ਲਈ ਸਭ ਤੋਂ ਚੰਗੇ ਸਮੇਂ ਦੀ ਚੋਣ ਕਰਨ ਨਾਲ ਸੰਬੰਧਿਤ ਸਲਾਹ ਲਈ ਸਫਾ 6 ਵੇਖੋ

## ਕਿੰਡਰਗਾਰਟਨ (ਬਾਲਵਾੜੀ) ਕੀ ਹੁੰਦਾ ਹੈ?

ਕਿੰਡਰਗਾਰਟਨ (ਇਸਨੂੰ ਪ੍ਰੀਸਕੂਲ ਵੀ ਕਿਹਾ ਜਾਂਦਾ ਹੈ) ਛੋਟੇ ਬੱਚੀਆਂ ਲਈ ਇੱਕ ਪ੍ਰੋਗ੍ਰਾਮ ਹੈ ਜਿਸਨੂੰ ਕਿਸੇ ਕਾਬਲ ਅਰਲੀ ਚਾਇਲਡਹੁਡ ਟੀਚਰ (ਪ੍ਰਾਰੰਭਿਕ ਬਚਪਨ ਦੇ ਅਧਿਆਪਕ) ਦੁਆਰਾ ਪ੍ਰਦਾਨ ਕੀਤਾ ਜਾਂਦਾ ਹੈ।

## ਮੇਰੀ ਔਲਾਦ ਨੂੰ ਕਿੰਡਰਗਾਰਟਨ ਕਿਉਂ ਜਾਣਾ ਚਾਹੀਦਾ ਹੈ?

ਕਿੰਡਰਗਾਰਟਨ ਛੋਟੇ ਬੱਚੀਆਂ ਲਈ ਇੱਕ ਮਹੱਤਵਪੂਰਣ ਕਦਮ ਹੈ ਅਤੇ ਜੋਰ ਪਾਕੇ ਸਾਰੇ ਬੱਚੀਆਂ ਲਈ ਇਸਦਾ ਸੁਝਾਅ ਦਿੱਤਾ ਜਾਂਦਾ ਹੈ।

ਖੋਜ ਦਰਸਾਉਂਦੀ ਹੈ ਕਿ ਕਿੰਡਰਗਾਰਟਨ ਬੱਚੀਆਂ ਦੇ ਸਿਹਤ ਅਤੇ ਕਲਿਆਣ ਨੂੰ ਬਿਹਤਰ ਬਣਾਉਂਦਾ ਹੈ, ਪ੍ਰਬਲ ਸਾਮਾਜਕ ਯੋਗਤਾਵਾਂ ਦਾ ਵਿਕਾਸ ਕਰਣ ਵਿੱਚ ਉਨ੍ਹਾਂ ਦੀ ਮਦਦ ਕਰਦਾ ਹੈ ਅਤੇ ਸਿੱਖਣ ਦੇ ਪ੍ਰਤੀ ਲਗਾਉ ਨੂੰ ਵਧਾਵਾ ਦਿੰਦਾ ਹੈ।

ਕਿੰਡਰਗਾਰਟਨ ਜਾਣ ਵਾਲੇ ਬੱਚੇ ਜਿਆਦਾ ਸੁਤੰਤਰ ਅਤੇ ਦਲੇਰ ਹੁੰਦੇ ਹਨ ਅਤੇ ਪ੍ਰਾਈਮਰੀ ਸਕੂਲ (ਪ੍ਰੇਪ) ਜਾਣ ਵਿੱਚ ਆਸਾਨੀ ਨਾਲ ਤਬਦੀਲੀ ਕਰਣ ਦੀ ਉਨ੍ਹਾਂ ਦੀ ਸੰਭਾਵਨਾ ਵਧੇਰੀ ਹੁੰਦੀ ਹੈ।

## ਕਿੰਡਰਗਾਰਟਨ ਤੇ ਕੀ ਹੁੰਦਾ ਹੈ?

ਉੱਚ ਗੁਣਵੱਤਾ ਦਾ ਕਿੰਡਰਗਾਰਟਨ ਪ੍ਰੋਗ੍ਰਾਮ ਤੁਹਾਡੀ ਔਲਾਦ ਲਈ ਸਿੱਖਣ ਦੇ ਵੱਖ-ਵੱਖ ਅਨੁਭਵ ਅਤੇ ਗਤੀਵਿਧੀਆਂ ਉਪਲੱਬਧ ਕਰਾਏਗਾ ਅਤੇ ਇਹ ਦੋਵੇਂ ਹੀ ਪ੍ਰੇਰਕ ਅਤੇ ਮਨੋਰੰਜਨਕ ਹੋਣਗੇ। ਕੁਦਰਤੀ ਸੰਸਾਰ ਦੀ ਖੋਜ ਕਰਣਾ, ਨਵੇਂ ਵਿਚਾਰਾਂ ਨਾਲ ਜਾਣੂ ਕਰਾਏ ਜਾਣ ਅਤੇ ਸਮਸਿਆਵਾਂ ਦਾ ਸਮਾਧਾਨ ਕਰਣ ਵਰਗੇ ਅਨੁਭਵਾਂ ਅਤੇ ਗਤੀਵਿਧੀਆਂ ਦੇ ਦੁਆਰੇ ਤੁਹਾਡੀ ਔਲਾਦ ਦੀ ਸਿੱਖਿਆ-ਪ੍ਰਾਪਤੀ ਅਤੇ ਜਿਗਿਆਸਾ ਨੂੰ ਵਧਾਵਾ ਦਿੱਤਾ ਜਾਵੇਗਾ।

ਤੁਹਾਡੀ ਔਲਾਦ ਹੇਠਾਂ ਕੰਮ ਕਰਣ ਵਿੱਚ ਸਮਰੱਥ ਹੋਵੇਗੀ:

- ਹੋਰ ਬੱਚੀਆਂ  ਨਾਲ ਕੰਮ ਕਰਣਾ ਸਿੱਖਣ ਵਿੱਚ ਅਤੇ ਸਾਮੂਹਕ ਗਤੀਵਿਧੀਆਂ ਅਤੇ ਸਹਿਕਾਰੀ ਖੇਲਕੂਦ ਰਾਹੀਂ ਦੋਸਤ ਬਣਾਉਣ ਵਿੱਚ
- ਆਪਣੀ ਰਚਨਾਤਮਕਤਾ ਨੂੰ ਜ਼ਾਹਰ ਕਰਣ ਵਿੱਚ, ਉਦਾਹਰਣ ਵਜੋਂ: ਨੱਚਣ, ਹਲਚਲ ਕਰਨ ਅਤੇ ਕਲਾ ਰਾਹੀਂ
- ਸਿਖਿਅਕਾਂ ਅਤੇ ਦੂੱਜੇ ਬੱਚੀਆਂ ਦੀਆਂ ਗੱਲਾਂ ਸੁਣਨ ਅਤੇ ਉਨ੍ਹਾਂ ਨਾਲ ਗੱਲਬਾਤ ਕਰਕੇ ਆਪਣੀ ਸੰਚਾਰ ਯੋਗਤਾਵਾਂ ਦਾ ਨਿਰਮਾਣ ਕਰਣ ਵਿੱਚ
- ਰੀਡਿੰਗ, ਰਾਇਟਿੰਗ  ਅਤੇ ਗਣਿਤ ਲਈ ਉਨ੍ਹਾਂ ਵਾਸਤੇ ਜਰੂਰੀ ਯੋਗਤਾਵਾਂ ਦਾ ਵਿਕਾਸ ਕਰਣ ਵਿੱਚ।





## ਮੈਂ ਕਿੰਡਰਗਾਰਟਨ ਦਾ ਪਤਾ ਕਿਥੋਂ ਲਗਾ ਸਕਦਾ ਹਾਂ?

ਕੁੱਝ ਕਿੰਡਰਗਾਰਟਨ ਸਵਚਲਿਤ ਸੇਵਾਵਾਂ ਦੇ ਰੂਪ ਵਿੱਚ ਸੰਚਾਲਨ ਕਰਦੇ ਹਨ (ਉਦਾਹਰਣ ਵਜੋਂ:  ਕਮਯੂਨਿਟੀ ਕਿੰਡਰਗਾਰਟਨ)। ਹੋਰ ਕਿੰਡਰਗਾਰਟਨ ਪ੍ਰੋਗ੍ਰਾਮਾਂ ਦਾ ਸੰਚਾਲਨ ਲਾਂਗ ਡੇ ਕੇਅਰ ਸੇਂਟਰਸ ਜਾਂ ਸਕੂਲਾਂ ਰਾਹੀਂ ਕੀਤਾ ਜਾਂਦਾ ਹੈ।

ਆਪਣੇ ਮਕਾਮੀ ਖੇਤਰ (ਜਾਂ ਆਪਣੀ ਪਸੰਦ ਦੇ ਖੇਤਰ) ਵਿੱਚ ਕਿੰਡਰਗਾਰਟਨ ਪ੍ਰੋਗ੍ਰਾਮ ਦਾ ਪਤਾ ਲਗਾਉਣ ਲਈ **www.education.vic.gov.au/findaservice/Home.aspx** ਵੇਖੋ ਜਾਂ ਆਪਣੀ ਮਕਾਮੀ ਕੌਂਸਲ ਨਾਲ ਸੰਪਰਕ ਕਰੋ, ਜਿਸਦਾ ਪਤਾ ਤੁਸੀ **www.dtpli.vic.gov.au** ਤੋਂ ਲਗਾ ਸੱਕਦੇ ਹੋ।

ਕਿਸੇ ਅਜਿਹੇ ਕਿੰਡਰਗਾਰਟਨ ਪ੍ਰੋਗਰਾਮ ਦਾ ਪਤਾ ਲਗਾਉਣ ਨਾਲ ਸੰਬੰਧਤ ਸਲਾਹ ਲਈ ਸਫਾ 4 ਵੇਖੋ ਜੋ ਤੁਹਾਡੇ ਪਰਵਾਰ ਲਈ ਉਪਯੁਕਤ ਹੋਵੇ।

## ਸਾਰੇ ਬੱਚੇ ਕਿੰਡਰਗਾਰਟਨ ਵਿੱਚ ਭਾਗ ਲੈ ਸੱਕਦੇ ਹਨ।

ਕਿੰਡਰਗਾਰਟਨ ਸਾਰੇ ਬੱਚੀਆਂ ਲਈ ਹੁੰਦਾ ਹੈ। ਜੇਕਰ ਤੁਹਾਡੀ ਔਲਾਦ ਵਿਕਲਾਂਗਤਾ ਨਾਲ ਗ੍ਰਸਤ ਹੈ ਜਾਂ ਉਸਨੂੰ ਸਿੱਖਣ ਸੰਬੰਧੀ ਕੋਈ ਮੁਸ਼ਕਲ ਹੈ, ਤਾਂ ਸਿਖਿਅਕ ਇਸ ਬਾਰੇ ਤੁਹਾਡੇ ਨਾਲ ਗੱਲ ਕਰਣਗੇ ਕਿ ਪ੍ਰੋਗ੍ਰਾਮ ਅਤੇ ਪਰਿਸਰ ਤੁਹਾਡੀ ਔਲਾਦ ਦੀ ਸਹਾਇਤਾ ਕਿਵੇਂ ਕਰ ਸਕਦਾ ਹੈ।

ਜੇਕਰ ਆਪਣੀ ਔਲਾਦ ਨੂੰ ਕਿਸੇ ਕਿੰਡਰਗਾਰਟਨ ਪ੍ਰੋਗ੍ਰਾਮ ਵਿੱਚ ਭਰਤੀ ਕਰਾਉਣ ਜਾਂ ਤੁਹਾਡੇ ਪਰਿਵਾਰ ਲਈ ਉਪਯੁਕਤ ਕਿਸੇ ਪ੍ਰੋਗ੍ਰਾਮ ਦਾ ਪਤਾ ਲਗਾਉਣ ਵਿੱਚ ਤੁਹਾਨੂੰ ਮਦਦ ਦੀ ਲੋੜ ਹੋਵੇ ਤਾਂ ਆਪਣੀ ਮਕਾਮੀ ਕੌਂਸਲ ਨਾਲ ਸੰਪਰਕ ਕਰੋ।

## ਕਿੰਡਰਗਾਰਟਨ ਵਿੱਚ ਕਿੰਨਾ ਖਰਚ ਆਉਂਦਾ ਹੈ?

ਵਿਕਟੋਰੀਅਨ ਸਰਕਾਰ ਫੰਡ ਕੀਤੇ ਕਿੰਡਰਗਾਰਟਨ ਪ੍ਰੋਗ੍ਰਾਮ ਦਾ ਸੰਚਾਲਨ ਕਰਣ ਦੇ ਖਰਚ ਵਿੱਚ ਯੋਗਦਾਨ ਦੇਣ ਲਈ ਸੇਵਾਵਾਂ ਨੂੰ ਪੈਸੇ ਦਿੰਦੀ ਹੈ, ਜਿਸਦੇ ਨਾਲ ਚਾਰ-ਸਾਲ ਦੀ ਉਮਰ ਵਾਲੇ ਬੱਚੀਆਂ ਦੇ ਕਿੰਡਰਗਾਰਟਨ ਦੀ ਫੀਸ ਨੂੰ ਜਿਨ੍ਹਾਂ ਸੰਭਵ ਹੋ ਸਕੇ ਓਨਾ ਘੱਟ ਰੱਖਣ ਵਿੱਚ ਮਦਦ ਮਿਲਦੀ ਹੈ।

ਇਸ ਸਰਟਿਫਿਕੇਟ ਦੀ ਤਲਾਸ਼ ਕਰੋ ,  ਜੋ ਇਹ ਦਰਸ਼ਾਂਦਾ ਹੈ ਕਿ ਕਿੰਡਰਗਾਰਟਨ ਪਰੋਗਰਾਮ ਵਿਕਟੋਰਿਅਨ ਸਰਕਾਰ ਤੋਂ ਪੈਸੇ ਪ੍ਰਾਪਤ ਕਰਦੀ ਹੈ ਅਤੇ ਇਸਨੂੰ ਕਿਸੇ ਪ੍ਰਸ਼ਿਕਸ਼ਿਤ ਪ੍ਰਾਰੰਭਿਕ ਬਾਲ-ਉਮਰ ਟੀਚਰ ਦੁਆਰਾ ਪ੍ਰਦਾਨ ਕੀਤਾ ਜਾਂਦਾ ਹੈ।




ਕਿੰਡਰਗਾਰਟਨ ਪ੍ਰੋਗ੍ਰਾਮ ਉਪਲੱਬਧ ਕਰਾਉਣ ਵਾਲੀ ਸੇਵਾਵਾਂ ਅਕਸਰ ਪ੍ਰੋਗ੍ਰਾਮਾਂ ਦਾ ਸੰਚਾਲਨ ਕਰਣ ਦੇ ਖਰਚ ਨੂੰ ਪੂਰਾ ਕਰਣ ਵਿੱਚ ਮਦਦ ਲਈ ਫੀਸ ਲੈਂਦੀਆਂ ਹਨ। ਫੀਸ ਨਿਜੀ ਸੇਵਾਵਾਂ ਦੁਆਰਾ ਨਿਰਧਾਰਤ ਕੀਤੀ ਜਾਂਦੀ ਹੈ ਅਤੇ ਇਹ ਇਸ ਗੱਲ ਉੱਤੇ ਨਿਰਭਰ ਕਰਦੇ ਹੋਏ ਵੱਖ-ਵੱਖ ਹੋ ਸੱਕਦੀ ਹੈ ਕਿ ਤੁਹਾਡੀ ਔਲਾਦ ਕਿੰਨੇ ਘੰਟੇ ਕਿੰਡਰਗਾਰਟਨ ਜਾਂਦੀ ਹੈ, ਸਮੂਹ ਦਾ ਆਕਾਰ ਕਿੰਨਾ ਹੈ ਅਤੇ ਸੈਰ-ਸਪਾਟਿਆਂ ਵਰਗੇ ਹੋਰ ਖਰਚੇ ਕਿੰਨੇ ਹਨ।

## ਮੇਰੀ ਔਲਾਦ ਕਿੰਡਰਗਾਰਟਨ ਵਿੱਚ ਹਰ ਹਫ਼ਤੇ ਕਿੰਨੇ ਘੰਟੇ ਜਾ ਸਕਦੀ ਹੈ?

ਚਾਰ-ਸਾਲ ਦੀ ਉਮਰ ਵਾਲੇ ਬੱਚੀਆਂ ਦੇ ਬਹੁਤੇਰੇ ਕਿੰਡਰਗਾਰਟਨ ਪ੍ਰੋਗ੍ਰਾਮ ਹਰ ਹਫ਼ਤੇ 15 ਘੰਟੇ ਲਈ ਪ੍ਰਦਾਨ ਕੀਤੇ ਜਾਂਦੇ ਹਨ।

## ਸਕੂਲ ਸ਼ੁਰੂ ਕਰਨ ਤੋਂ ਪਿੱਛਲੇ ਸਾਲ ਵਿੱਚ ਬੱਚੀਆਂ ਲਈ ਫ੍ਰੀ ਜਾਂ ਘੱਟ ਫੀਸ ਦਾ ਕਿੰਡਰਗਾਰਟਨ

ਵਿਕਟੋਰੀਅਨ ਸਰਕਾਰ ਕੁੱਝ ਬੱਚੀਆਂ ਲਈ ਫੀਸ ਵਿੱਚ ਸਬਸਿਡੀ (ਛੁੱਟ) ਪ੍ਰਦਾਨ ਕਰਦੀ ਹੈ ਤਾਂਜੋ ਉਹ ਬੱਚੇ ਪ੍ਰਾਈਮਰੀ ਸਕੂਲ ਜਾਣਾ ਸ਼ੁਰੂ ਕਰਣ ਦੇ ਪਿਛਲੇ ਸਾਲ ਵਿੱਚ ਫ੍ਰੀ ਜਾਂ ਘੱਟ ਫੀਸ ਤੇ ਕਿੰਡਰਗਾਰਟਨ ਜਾ ਸਕਣ, ਆਮ-ਤੌਰ ਤੇ ਉਹਨਾ ਬੱਚੀਆਂ ਦੇ ਚਾਰ ਸਾਲ ਦੀ ਉਮਰ ਦੇ ਹੋਣ ਤੇ।







ਤੁਹਾਡੀ ਔਲਾਦ ਇਸਦੇ ਲਈ ਪਾਤਰ ਹੈ ਜੇਕਰ ਉਹ:

- ਏਬੋਰਿਜਨਲ ਅਤੇ/ਜਾਂ ਟੋਰਸ ਸਟਰੇਟ ਦੀਪਵਾਸੀ ਹੈ
- ਇਕੱਠੇ ਪੈਦਾ ਹੋਏ ਤਿੰਨ ਜਾਂ ਚਾਰ ਬੱਚੀਆਂ ਵਿੱਚੋਂ ਇੱਕ ਹੈ
- ਪਾਤਰ ਕੰਸੈਸ਼ਨ ਕਾਰਡ ਜਾਂ ਰਿਫਿਊਜ਼ੀ, ਹਿਊਮੈਨਟੇਰੀਅਨ ਜਾਂ ਅਸਾਇਲਮ ਸੀਕਰ ਵੀਜ਼ਾ ਧਾਰਕ ਹਨ (ਜਾਂ ਉਨ੍ਹਾਂ ਦੇ ਮਾਤਾ ਜਾਂ ਪਿਤਾ ਜਾਂ ਗਾਰਡੀਅਨ ਇਸਦੇ ਧਾਰਕ ਹਨ)।

ਜੇਕਰ ਤੁਹਾਨੂੰ ਲੱਗਦਾ ਹੈ ਕਿ ਤੁਹਾਡੀ ਔਲਾਦ ਫੀਸ ਸਬਸਿਡੀ ਲਈ ਪਾਤਰ ਹੋ ਸਕਦੀ ਹੈ ਤਾਂ ਆਪਣੀ ਔਲਾਦ ਦੇ ਕਿੰਡਰਗਾਰਟਨ ਸਿਖਿਅਕ ਜਾਂ ਸੇਵਾ ਪ੍ਰਬੰਧਕ ਨਾਲ ਇਸ ਬਾਰੇ ਗੱਲਬਾਤ ਕਰੋ।

## ਤਿੰਨ ਸਾਲ ਦੀ ਉਮਰ ਵਾਲੇ ਬੱਚੀਆਂ ਲਈ ਫ੍ਰੀ ਕਿੰਡਰਗਾਰਟਨ

ਵਿਕਟੋਰੀਅਨ ਸਰਕਾਰ ਕੁੱਝ ਬੱਚੀਆਂ ਲਈ ਫੀਸ ਵਿੱਚ ਸਬਸਿਡੀ (ਛੁੱਟ) ਪ੍ਰਦਾਨ ਕਰਦੀ ਹੈ ਤਾਂਜੋ ਉਹ ਪ੍ਰਾਈਮਰੀ ਸਕੂਲ ਜਾਣਾ ਸ਼ੁਰੂ ਕਰਣ ਦੇ ਪਹਿਲਾਂ ਦੇ ਦੋ ਸਾਲਾਂ ਤੱਕ ਕਿੰਡਰਗਾਰਟਨ ਵਿੱਚ ਫ੍ਰੀ ਭਾਗ ਲੈ ਸਕਣ, ਆਮ-ਤੌਰ ਤੇ ਤੱਦ ਜਦੋਂ ਉਹ ਤਿੰਨ ਸਾਲ ਦੀ ਉਮਰ ਦੇ ਹੁੰਦੇ ਹਨ।

ਤੁਹਾਡੀ ਔਲਾਦ ਕਿੰਡਰਗਾਰਟਨ ਵਿੱਚ ਫ੍ਰੀ ਭਾਗ ਲੈਣ ਦੀ ਪਾਤਰ ਹੁੰਦੀ ਹੈ ਜੇਕਰ ਉਹ 30 ਅਪ੍ਰੈਲ ਤੱਕ ਘੱਟੋ ਘੱਟ ਤਿੰਨ ਸਾਲ ਦੀ ਹੋਵੇਗੀ ਅਤੇ:

- ਉਹ ਏਬੋਰਿਜਨਲ ਅਤੇ/ਜਾਂ ਟੋਰਸ ਸਟਰੇਟ ਦੀਪਵਾਸੀ ਹੈ, ਜਾਂ
- ਚਾਇਲਡ ਪ੍ਰੋਟੇਕਸ਼ਨ ਨੂੰ ਉਸਦੇ ਬਾਰੇ ਪਤਾ ਹੋਵੇ, ਜਾਂ ਉਸਨੂੰ ਚਾਇਲਡ ਪ੍ਰੋਟੇਕਸ਼ਨ ਦੁਆਰਾ Child FIRST ਨੂੰ ਰੇਫਰ ਕੀਤਾ ਗਿਆ ਹੋਵੇ।

ਜੇਕਰ ਤੁਹਾਡੀ ਔਲਾਦ ਨੇ ਸਕੂਲ ਜਾਣਾ ਸ਼ੁਰੂ ਕਰਣ ਤੋਂ ਪਹਿਲਾਂ ਦੋ ਸਾਲ ਤੱਕ ਫ੍ਰੀ ਪ੍ਰੋਗ੍ਰਾਮ ਵਿੱਚ ਭਾਗ ਲਿਆ ਹੈ, ਤਾਂ ਉਹ ਅਗਲੇ ਸਾਲ ਚਾਰ ਸਾਲ ਦੀ ਉਮਰ ਦੇ ਬੱਚੀਆਂ ਦੇ ਪ੍ਰੋਗ੍ਰਾਮ ਵਿੱਚ ਫ੍ਰੀ ਜਾਂ ਘੱਟ ਫੀਸ ਤੇ ਭਾਗ ਲੈ ਸਕਦੀ ਹੈ।

ਤਿੰਨ ਸਾਲ ਦੀ ਉਮਰ ਵਾਲੇ ਬੱਚੀਆਂ ਲਈ ਫ੍ਰੀ ਕਿੰਡਰਗਾਰਟਨ ਪ੍ਰੋਗਰਾਮਾ ਬਾਰੇ ਵਧੇਰੀ ਜਾਣਕਾਰੀ ਲਈ ਆਪਣੀ ਔਲਾਦ ਦੇ ਕਿੰਡਰਗਾਰਟਨ ਸਿਖਿਅਕ ਜਾਂ ਸੇਵਾ ਪ੍ਰਬੰਧਕ  ਨਾਲ ਗਲਬਾਤ ਕਰੋ।

## ਕਿੰਡਰਗਾਰਟਨ ਪ੍ਰੋਗ੍ਰਾਮ ਦੀ ਚੋਣ ਕਰਨਾ

ਹਰ ਪਰਵਾਰ ਵੱਖ-ਵੱਖ ਹੁੰਦਾ ਹੈ। ਇਸਦਾ ਮਤਲੱਬ ਇਹ ਹੈ ਕਿ ਤੁਹਾਡੇ ਦੁਆਰਾ ਚੁਣਿਆ ਗਿਆ ਕਿੰਡਰਗਾਰਟਨ ਪ੍ਰੋਗ੍ਰਾਮ ਤੁਹਾਡੀ ਔਲਾਦ ਅਤੇ ਪਰਿਵਾਰ ਲਈ ਚੰਗੀ ਤਰ੍ਹਾਂ ਉਪਯੁਕਤ ਹੋਣਾ ਚਾਹੀਦਾ ਹੈ।

ਸ਼ੁਰੂ ਤੋਂ ਹੀ ਕਿੰਡਰਗਾਰਟਨ ਪ੍ਰੋਗ੍ਰਾਮ ਦੀ ਖੋਜ ਕਰਣਾ ਇੱਕ ਚੰਗਾ ਵਿਚਾਰ ਹੈ, ਕਿਉਂਕਿ ਭਰਤੀ ਕਰਨ ਦੀਆਂ ਪ੍ਰਕ੍ਰਿਆਵਾਂ ਪੂਰੇ ਵਿਕਟੋਰੀਆ ਵਿੱਚ ਵੱਖ-ਵੱਖ ਤਰ੍ਹਾਂ ਦੀਆਂ ਹੁੰਦੀਆਂ ਹਨ। ਕੁੱਝ ਸੇਵਾਵਾਂ ਬੱਚੀਆਂ ਦੇ ਦੋ ਸਾਲ ਦੇ ਹੋਣ ਉੱਤੇ ਅਰਜ਼ੀ ਸਵੀਕਾਰ ਕਰਦੀਆਂ ਹਨ।

ਤੁਹਾਡੇ ਕੋਲ ਕਿੰਡਰਗਾਰਟਨ ਪ੍ਰੋਗ੍ਰਾਮਾਂ ਦੀ ਨਾਮਜ਼ਦ ਸੂਚੀ ਆਉਣ ਦੇ ਬਾਅਦ, ਇਹ ਪਤਾ ਕਰਣ ਲਈ ਸੇਵਾਵਾਂ ਨਾਲ ਸੰਪਰਕ ਕਰੋ ਕਿ ਕੀ ਉਹ ਓਪਨ ਡੇ ਜਾਂ ਸੂਚਨਾ ਸੈਸ਼ਨ ਦਾ ਪ੍ਰਬੰਧ ਕਰ ਰਹੀ ਹੈ, ਜਾਂ ਮੁਲਾਕਾਤ ਕਰਣ ਲਈ ਅਪਾਇੰਟਮੇਂਟ ਬੁੱਕ ਕਰੋ।

ਇਹ ਹਰੇਕ ਪ੍ਰੋਗ੍ਰਾਮ ਨੂੰ 'ਸੱਮਝਣ', ਆਪਣੀ ਔਲਾਦ ਬਾਰੇ ਸਵਾਲ ਪੁੱਛਣ ਅਤੇ ਸੂਚਨਾ ਸਾਂਝਾ ਕਰਣ ਦਾ ਵਧੀਆ ਮੌਕਾ ਹੁੰਦਾ ਹੈ। ਤੁਸੀ ਇਹ ਵੀ ਪਤਾ ਲਗਾ ਸੱਕਦੇ ਹੋ ਕਿ ਕਿੰਡਰਗਾਰਟਨ ਪ੍ਰੋਗ੍ਰਾਮ ਕਿੰਨੇ ਦਿਨਾਂ ਅਤੇ ਕਿਸ ਸਮੇਂ ਵਿੱਚ ਸੰਚਾਲਨ ਕਰਦਾ ਹੈ, ਇਹ ਕਿ ਤੁਸੀ ਆਪਣੀ ਔਲਾਦ ਦੀ ਭਰਤੀ ਕਿਵੇਂ ਕਰਾ ਸੱਕਦੇ ਹੋ ਅਤੇ ਤੁਹਾਡੇ ਤੋਂ ਲਏ ਜਾਣ ਵਾਲੀ ਫੀਸ ਕੀ ਹੈ ਅਤੇ ਕੀ ਕੋਈ ਸਬਸਿਡੀ ਉਪਲੱਬਧ ਹੈ।

ਜੇਕਰ ਹੋ ਸਕੇ ਤਾਂ ਇੱਕ ਤੋਂ ਵੱਧ ਪ੍ਰੋਗ੍ਰਾਮ ਵਿੱਚ ਜਾਓ। ਕੋਸ਼ਿਸ਼ ਕਰੋ ਕਿ ਤੁਸੀ ਕੇਵਲ ਹੋਰ ਪਰਿਵਾਰਾਂ ਦੇ ਵਿਚਾਰਾਂ ਉੱਤੇ ਹੀ ਨਿਰਭਰ ਨਹੀਂ ਕਰਦੇ ਹੋ।